ਜਮਾਤ:- ਤੀਸਰੀ

# ਪੰਜਾਬ ਪ੍ਰਾਪਤੀ ਸਰਵੇਖਣ-2020

Punjab Achievement Survey-2020

## ਨਮੂਨਾ ਮੁਲਾਂਕਣ ਪੱਤਰ ਸਬੰਧੀ ਧਿਆਨ ਦੇਣ ਯੋਗ ਨੁਕਤੇ:-

1. ਇਹ ਨਮੂਨਾ ਮੁਲਾਂਕਣ ਪੱਤਰ ਰਾਸ਼ਟਰੀ ਮਾਪਦੰਡਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਧਿਆਪਕ ਦੀ ਅਗਵਾਈ ਲਈ ਤਿਆਰ ਕੀਤਾ ਗਿਆ ਹੈ।
2. ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਪੰਜਾਬ ਪ੍ਰਾਪਤੀ ਸਰਵੇਖਣ (Punjab Achievement Survey -2020) ਸਬੰਧੀ ਹੋਣ ਵਾਲੇ ਮੁਲਾਂਕਣ ਪੱਤਰ ਦੀ ਬਣਤਰ ਅਤੇ ਪ੍ਰਸ਼ਨਾਂ ਦੀਆਂ ਵੱਖ-ਵੱਖ ਵੰਨਗੀਆਂ ਸਬੰਧੀ ਜਾਣੂ ਕਰਵਾਉਣ ਦੇ ਉਦੇਸ਼ ਨਾਲ ਇਹ ਨਮੂਨਾ ਮੁਲਾਂਕਣ ਪੱਤਰ ਸਾਂਝੇ ਕੀਤੇ ਗਏ ਹਨ।
3. ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਵੱਧ ਤੋ ਵੱਧ ਪ੍ਰਸ਼ਨਾਂ ਦਾ ਅਭਿਆਸ ਕਰਵਾਉਣ ਲਈ ਇਸ ਨਮੂਨਾ ਮੁਲਾਂਕਣ ਪੱਤਰ ਤੋਂ ਅਗਵਾਈ ਲੈਂਦੇ ਹੋਏ ਆਪਣੇ ਪੱਧਰ ਤੇ ਇਸ ਤਰ੍ਹਾਂ ਦੇ ਹੋਰ ਪ੍ਰਸ਼ਨ ਤਿਆਰ ਕਰਕੇ ਵਿਦਿਆਰਥੀਆਂ ਤੋਂ ਹੱਲ ਕਰਵਾਉਣ।
4. ਨਮੂਨਾ ਮੁਲਾਂਕਣ ਪੱਤਰ ਵਿੱਚ ਦਿੱਤੇ ਗਏ ਸਾਰੇ ਪ੍ਰਸ਼ਨ ਬਹੁਵਿਕਲਪੀ ਉੱਤਰਾਂ ਵਾਲੇ ਹਨ। ਦਿੱਤੇ ਗਏ ਵਿਕਲਪਾਂ ਵਿੱਚੋਂ ਵਿਦਿਆਰਥੀ ਢੁੱਕਵੇਂ ਉੱਤਰ / ਵਿਕਲਪ ਦੀ ਚੋਣ ਕਰਕੇ ਗੋਲਾ ◯ ਲਗਾਉਣਗੇ।
5. ਤਿਆਰ ਕੀਤੇ ਗਏ ਇਸ ਨਮੂਨਾ ਮੁਲਾਂਕਣ ਪੱਤਰ ਵਿੱਚ 15 ਬਹੁਵਿਕਲਪੀ ਉੱਤਰਾਂ ਵਾਲੇ ਪ੍ਰਸ਼ਨ ਦਿੱਤੇ ਗਏ ਹਨ।
6. ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸਾਰੇ ਹੀ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਉਤਸ਼ਾਹਿਤ ਕਰਨਗੇ।
7. ਨਮੂਨਾ ਮੁਲਾਂਕਣ ਪੱਤਰ ਵਿੱਚ ਸ਼ਾਮਿਲ ਕੀਤੇ ਗਏ ਸਾਰੇ ਪ੍ਰਸ਼ਨ ਸਿੱਖਣ ਪਰਿਣਾਮਾਂ ਅਨੁਸਾਰ ਤਿਆਰ ਕੀਤੇ ਗਏ ਹਨ।
8. ਹਰੇਕ ਪ੍ਰਸ਼ਨ 2 ਅੰਕਾਂ ਦਾ ਹੋਵੇਗਾ।

# ਪੰਜਾਬ ਪ੍ਰਾਪਤੀ ਸਰਵੇਖਣ -2020(ਨਮੂਨਾ ਪੱਤਰ)

ਵਿਦਿਆਰਥੀ ਦਾ ਨਾਮ:-................................ ਰੋਲ ਨੰ:-...............

ਵਿਸ਼ਾ:- ਗਣਿਤ ਜਮਾਤ :- ਤੀਸਰੀ

ਕੁੱਲ ਅੰਕ :- 30 ਪ੍ਰਾਪਤ ਅੰਕ :- .................

| ਪ੍ਰਸ਼ਨ ਨੰ:- | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|---|
| ਪ੍ਰਾਪਤ ਅੰਕ | | | | | | | | | | | | | | | |

1. ਹੇਠਾਂ ਦਿੱਤੀ ਸਾਰਣੀ ਵਿੱਚ ਵੱਖ ਵੱਖ ਬੱਚਿਆਂ ਕੋਲ ਬੰਟਿਆਂ ਦੀ ਗਿਣਤੀ ਨੂੰ ਦਰਸਾਇਆ ਗਿਆ ਹੈ। ਬੰਟਿਆਂ ਦੀ ਗਿਣਤੀ ਨੂੰ ਵੱਧਦੇ ਕ੍ਰਮ ਵਿੱਚ ਲਗਾਉਂਦੇ ਹੋਏ ਤੀਸਰੇ ਨੰਬਰ ‘ਤੇ ਕਿਹੜੀ ਸੰਖਿਆ ਆਵੇਗੀ?

| ਬੱਚੇ ਦਾ ਨਾਂ | ਬੰਟਿਆਂ ਦੀ ਗਿਣਤੀ |
|---|---|
| ਹਰਜੀਤ | 856 |
| ਸੁਖਜੀਤ | 658 |
| ਬੰਟੀ | 685 |
| ਸਤਵੀਰ | 468 |

ੳ) ਅੱਠ ਸੌ ਛਪੰਜਾ ਅ) ਛੇ ਸੌ ਅਠਵੰਜਾ ੲ) ਛੇ ਸੌ ਪਚਾਸੀ ਸ) ਚਾਰ ਸੌ ਅਠਾਹਠ

2. ਹੇਠਾਂ ਦਿੱਤੇ ਖਿਡੌਣਿਆਂ ਦੇ ਮੁੱਲ ਵਿੱਚੋਂ ਸਭ ਤੋਂ ਵੱਧ ਅਤੇ ਸਭ ਤੋਂ ਘੱਟ ਮੁੱਲ ਦਾ ਅੰਤਰ ਦੱਸੋ।










895 ਰੁਪਏ 720 ਰੁਪਏ 270 ਰੁਪਏ 985 ਰੁਪਏ

ੳ) 985 ਰੁਪਏ ਅ) 270 ਰੁਪਏ ੲ) 715 ਰੁਪਏ ਸ) 725 ਰੁਪਏ

3. ਹੇਠਾਂ ਦਿਖਾਏ ਅਨੁਸਾਰ ਗਲਤ ਕਥਨ ਦੀ ਚੋਣ ਕਰੋ।




ੳ) ਤਸਵੀਰ ਵਿੱਚ 3 ਦੀ ਅੰਤਰਾਲ ਛਲਾਂਗ ਦਿਖਾਈ ਗਈ ਹੈ।
ਅ) ਤੀਸਰੀ ਛਲਾਂਗ ‘ਤੇ ਸੰਖਿਆ 12 ਆਵੇਗੀ।
ੲ) ਸੰਖਿਆ 6 ਦੂਸਰੀ ਛਲਾਂਗ ‘ਤੇ ਆਵੇਗੀ।
ਸ) ਅ ਅਤੇ ੲ ਦੋਵੇਂ

**4.** **5 ਗੇਂਦਾ ਦਾ ਮੁੱਲ ₹ 60 ਹੈ। ਇੱਕ ਗੇਂਦ ਦਾ ਮੁੱਲ ਪਤਾ ਕਰਨ ਲਈ ਕਿਹੜੀ ਸੰਖਿਆ ਕਿਰਿਆ ਲਾਗੂ ਹੋਵੇਗੀ?**

ੳ) 60 ÷ 5 ਅ) 60 x 5 ੲ) 60 – 5 ਸ) 60 + 5

**5. ਹੇਠਾਂ ਦਿੱਤੀਆਂ ਪੈਨਸਿਲਾਂ ਨੂੰ ਗਿਣ ਕੇ ਸਹੀ ਉੱਤਰ ਦੀ ਚੋਣ ਕਰੋ।**



ੳ) ਇਹ ਪੈਨਸਿਲਾਂ 13 ਬੱਚਿਆਂ ਵਿੱਚ ਬਰਾਬਰ ਵੰਡੀਆਂ ਜਾ ਸਕਦੀਆਂ ਹਨ।

ਅ) ਇਹ ਪੈਨਸਿਲਾਂ 5 ਬੱਚਿਆਂ ਵਿੱਚ ਬਰਾਬਰ ਵੰਡੀਆਂ ਜਾ ਸਕਦੀਆਂ ਹਨ।

ੲ) ਇਹ ਪੈਨਸਿਲਾਂ 6 ਬੱਚਿਆਂ ਨੂੰ ਬਰਾਬਰ ਵੰਡਣ ‘ਤੇ ਹਰੇਕ ਬੱਚੇ ਨੂੰ 2 ਪੈਨਸਿਲਾਂ ਮਿਲਣਗੀਆਂ।

ਸ) ਹਰੇਕ ਬੱਚੇ ਨੂੰ 3 ਪੈਨਸਿਲਾਂ ਦੇਣ ਨਾਲ ਇਹ ਪੈਨਸਿਲਾਂ 12 ਬੱਚਿਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ।

**6. ਸ਼ਰਨ ਕੋਲ ₹ 500 ਹਨ। ਹੇਠਾਂ ਦਿੱਤੀਆਂ ਵਸਤੂਆਂ ਦੀਆਂ ਕੀਮਤਾਂ ਨੂੰ ਦੇਖ ਕੇ ਦੱਸੋ ਕਿ ਉਹ ਇਹਨਾਂ ਦਰਸਾਈਆਂ ਵਸਤੂਆਂ ਵਿੱਚੋਂ ਕਿਹੜੀਆਂ ਦੋ ਵਸਤੂਆਂ ਇੱਕਠੀਆਂ ਨਹੀਂ ਖਰੀਦ ਸਕਦਾ?**


₹ 380

₹ 90
₹ 120

₹ 200



ੳ) ਬੈਗ ਅਤੇ ਪਾਣੀ ਬੋਤਲ ਅ) ਬੈਗ ਅਤੇ ਜੁਮੈਟਰੀ ਬਾਕਸ

ੲ) ਲੰਚ ਬਾਕਸ ਅਤੇ ਪਾਣੀ ਬੋਤਲ ਸ) ਬੈਗ ਅਤੇ ਲੰਚ ਬਾਕਸ

7. ਕਿਹੜੇ ਚਿੱਤਰ ਨੂੰ ਬਰਾਬਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ?




ੳ) ਅ) ੲ) ਸ)

8. ਹੇਠ ਦਿੱਤੀਆਂ ਕਿਹੜੀਆਂ ਦੋ ਟਾਇਲਾਂ ਨੂੰ ਆਪਸ ਵਿੱਚ ਜੋੜ ਕੇ  ਡਿਜਾਇਨ ਬਣੇਗਾ?



ੳ) ਅ) ੲ) ਸ)

9. ਹੇਠਾਂ ਤਸਵੀਰ ਵਿੱਚ ਸਭ ਤੋਂ ਲੰਬੀ ਵਸਤੂ ਕਿਹੜੀ ਹੈ?



ੳ) ਚਾਕ
ਅ) ਪੈੱਨ
ੲ) ਪੈਨਸਿਲ
ਸ) ਇਹਨਾਂ ਵਿੱਚੋਂ ਕੋਈ ਨਹੀਂ

10. ਹੇਠਾਂ ਦਿੱਤੀਆਂ ਵਸਤੂਆਂ ਨੂੰ ਉਹਨਾਂ ਦੀ ਸਮਰੱਥਾ ਦੇ ਆਧਾਰ 'ਤੇ ਘੱਟ ਤੋਂ ਵੱਧ ਕ੍ਰਮ ਵਿੱਚ ਲਗਾਉਂਦੇ ਹੋਏ ਸਹੀ ਉੱਤਰ ਦੀ ਚੋਣ ਕਰੋ।



ੳ) ਬਾਲਟੀ, ਜੱਗ, ਗਿਲਾਸ, ਚਮਚ,
ਅ) ਚਮਚ, ਗਿਲਾਸ, ਜੱਗ, ਬਾਲਟੀ

ੲ) ਚਮਚ, ਗਿਲਾਸ, ਬਾਲਟੀ, ਜੱਗ
ਸ) ਚਮਚ, ਬਾਲਟੀ, ਗਿਲਾਸ, ਜੱਗ,

11. ਹੇਠਾਂ ਤਸਵੀਰ ਵਿੱਚ ਤੱਕੜੀਆਂ ਦੇ ਪੱਲੜਿਆਂ ਦੀ ਸਥਿਤੀ ਦੇਖ ਕੇ ਸਹੀ ਕਥਨ ਦੀ ਚੋਣ ਕਰੋ।



ੳ) ਕਿਤਾਬ ਦਾ ਭਾਰ ਸੇਬਾਂ ਦੇ ਭਾਰ ਤੋਂ ਘੱਟ ਹੈ।
ਅ) ਕਿਤਾਬ ਦਾ ਭਾਰ ਸੇਬਾਂ ਦੇ ਭਾਰ ਤੋਂ ਵੱਧ ਹੈ।
ੲ) ਕਿਤਾਬ ਅਤੇ ਸੇਬਾਂ ਦਾ ਭਾਰ ਬਰਾਬਰ ਹੈ।
ਸ) ਉਪਰੋਕਤ ਸਾਰੇ।

12.

12. ਕੈਲੰਡਰ ਨੂੰ ਦੇਖ ਕੇ ਦੱਸੋ ਕਿ ਤੀਜੇ ਸ਼ਨੀਵਾਰ ਨੂੰ ਕਿਹੜੀ ਮਿਤੀ ਹੈ?

| ਮਾਰਚ 2020 | | | | | | |
|---|---|---|---|---|---|---|
| ਐਤਵਾਰ | ਸ਼ੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ | ਸ਼ਨੀਵਾਰ |
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

ੳ) 14.3.2020    ਅ) 21.3.2020    ੲ) 15.3.2020    ਸ) 21.3.2019

13. ਸਮੇਂ ਦੀ ਸਹੀ ਤਰਤੀਬ ਦੱਸੋ।

ੳ) ਸਵੇਰ, ਦੁਪਹਿਰ, ਸ਼ਾਮ, ਰਾਤ    ਅ) ਦੁਪਹਿਰ, ਸ਼ਾਮ, ਰਾਤ, ਸਵੇਰ

ੲ) ਸਵੇਰ, ਸ਼ਾਮ, ਦੁਪਹਿਰ, ਰਾਤ    ਸ) ਸਵੇਰ, ਦੁਪਹਿਰ, ਰਾਤ, ਸ਼ਾਮ

14. ਨਮੂਨਾ ਪੂਰਾ ਕਰੋ:

| | | | | | | | |
|---|---|---|---|---|---|---|---|
| 7 | 17 | 27 | 37 | 47 | | | |

ੳ) 57,47,77    ਅ) 57,67,87    ੲ) 57,47,37    ਸ) 57,67,77

15. ਹਾਕੀ ਏਸ਼ੀਆ ਕੱਪ ਵਿੱਚ ਵੱਖ-ਵੱਖ ਦੇਸ਼ਾਂ ਦੁਆਰਾ ਕੀਤੇ ਗਏ ਗੋਲਾਂ ਦੀ ਸੰਖਿਆ ਨੂੰ ਹੇਠਾਂ ਦਰਸਾਇਆ ਗਿਆ ਹੈ।ਕਿਹੜੇ ਦੇਸ਼ ਵੱਲੋਂ ਸਭ ਤੋਂ ਵੱਧ ਗੋਲ ਕੀਤੇ ਗਏ?

| ਦੇਸ਼ ਦਾ ਨਾਂ | ਕੀਤੇ ਗਏ ਗੋਲ |
|---|---|
| ਭਾਰਤ | 22 |
| ਪਾਕਿਸਤਾਨ | 18 |
| ਚੀਨ | 24 |
| ਜਰਮਨੀ | 23 |
| ਆਸਟ੍ਰੇਲੀਆ | 17 |

ੳ) ਭਾਰਤ    ਅ) ਚੀਨ    ੲ) ਜਰਮਨੀ    ਸ) ਪਾਕਿਸਤਾਨ

# ਪੰਜਾਬ ਪ੍ਰਾਪਤੀ ਸਰਵੇਖਣ -2020 (ਨਮੂਨਾ ਪੱਤਰ)


ਵਿਦਿਆਰਥੀ ਦਾ ਨਾਮ:- ................................. ਰੋਲ ਨੰ:- ...............

ਵਿਸ਼ਾ:- ਵਾਤਾਵਰਨ ਸਿੱਖਿਆ ਜਮਾਤ :- ਤੀਸਰੀ

ਕੁੱਲ ਅੰਕ :- 30 ਪ੍ਰਾਪਤ ਅੰਕ :- .................

| ਪ੍ਰਸ਼ਨ ਨੰ:- | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|---|
| ਪ੍ਰਾਪਤ ਅੰਕ | | | | | | | | | | | | | | | |

**ਪ੍ਰਸ਼ਨ 1.ਤਸਵੀਰ ਵਿੱਚ ਨਜ਼ਰ ਆ ਰਿਹਾ ਪੱਤਾ ਕਿਸ ਰੁੱਖ ਦਾ ਹੈ?**



**1) ਬੋਹੜ**

**2) ਪਿੱਪਲ**

**3) ਨਿੰਮ**

**4) ਕੇਲਾ**

**ਪ੍ਰਸ਼ਨ 2. ਰਾਮ ਦਾ ਪਰਿਵਾਰ ਭੇਡਾਂ ਪਲਦਾ ਹੈ। ਉਨ੍ਹਾਂ ਦਾ ਭੇਡਾਂ ਪਾਲਣ ਦਾ ਮੁੱਖ ਮਕਸਦ ਕੀ ਹੈ?**


**1) ਉੱਨ ਪ੍ਰਾਪਤ ਕਰਨਾ**

**2) ਦੁੱਧ ਪ੍ਰਾਪਤ ਕਰਨਾ**

**3) ਢੋਆ-ਢੋਆਈ ਕਰਨਾ**

**4) ਆਵਾਜਾਈ ਲਈ ਵਰਤੋਂ ਕਰਨਾ**

**ਪ੍ਰਸ਼ਨ 3. ਸ਼ਾਮ ਵੇਲੇ ਸੂਰਜ ਕਿਹੜੀ ਦਿਸ਼ਾ ਵਿੱਚ ਹੁੰਦਾ ਹੈ?**




**1) ਪੂਰਬ** **2) ਉੱਤਰ** **3) ਪੱਛਮ** **4) ਦੱਖਣ**

ਪ੍ਰਸ਼ਨ 4. ਜਿਵੇ ਤੁਹਾਡੇ ਪਿਤਾ ਜੀ ਦੀ ਭੈਣ ਤੁਹਾਡੀ ਭੂਆ ਜੀ ਲੱਗਦੇ ਹਨ। ਤੁਹਾਡੇ ਦਾਦਾ ਜੀ ਦੀ ਭੈਣ ਕਿਸ ਦੀ ਭੂਆ ਜੀ ਲੱਗੇਗੀ?

1) ਤੁਹਾਡੇ ਮਾਤਾ ਜੀ ਦੀ 2) ਤੁਹਾਡੇ ਵੱਡੇ ਭਰਾ ਦੀ 3) ਤੁਹਾਡੇ ਚਾਚਾ ਜੀ ਦੀ

4) ਤੁਹਾਡੀ ਭੈਣ ਦੀ

ਪ੍ਰਸ਼ਨ 5. ਘਰ ਦੀ ਰਖਵਾਲੀ ਲਈ ਕੋਈ ਜਾਨਵਰ ਪਾਲਣਾ ਚਾਹੁੰਦੇ ਹੋ ਤਾਂ ਸਭ ਤੋਂ ਵੱਧ ਭਰੋਸਾ ਕਿਹੜੇ ਜਾਨਵਰ 'ਤੇ ਕਰੋਗੇ?

1) ਬਿੱਲੀ 2) ਗਾਂ 3) ਕੁੱਤਾ 4) ਬੱਕਰੀ

ਪ੍ਰਸ਼ਨ 6. ਬੱਚਿਆਂ ਦਾ ਸਰੀਰ ਲਗਾਤਾਰ ਵਧਦਾ ਰਹਿੰਦਾ ਹੈ। ਇਸ ਲਈ ਉਨ੍ਹਾਂ ਨੂੰ ਵੱਧ ਮਾਤਰਾ ਵਿੱਚ ਕਿਹੜੇ ਤੱਤ ਵਾਲਾ ਭੋਜਨ ਲੈਣਾ ਚਾਹੀਦਾ ਹੈ?

1) ਚਰਬੀ 2) ਪ੍ਰੋਟੀਨ 3) ਵਿਟਾਮਿਨ 4) ਖਣਿਜ ਪਦਾਰਥ

ਪ੍ਰਸ਼ਨ 7. ਅੱਜ ਕੱਲ੍ਹ ਦੇ ਬੱਚੇ ਕੰਪਿਊਟਰ 'ਤੇ ਵੀਡੀਓ ਗੇਮਾਂ ਜਿਆਦਾ ਖੇਡਦੇ ਹਨ। ਪੁਰਾਣੇ ਸਮੇਂ ਵਿੱਚ ਬੱਚੇ............

1) ਖੇਡਣਾ ਪਸੰਦ ਨਹੀਂ ਕਰਦੇ ਸਨ।

2) ਘਰ ਦੇ ਅੰਦਰ ਖੇਡਦੇ ਸਨ।

3) ਖੁੱਲ੍ਹੇ ਮੈਦਾਨ ਵਿੱਚ ਸਰੀਰਕ ਗੇਮਾਂ ਖੇਡਦੇ ਸਨ।

4) ਖੇਡਣ ਬਾਰੇ ਸੋਚਦੇ ਹੀ ਨਹੀਂ ਸਨ।

ਪ੍ਰਸ਼ਨ 8. ਤਸਵੀਰ ਵਿੱਚ ਕੀ ਨਜ਼ਰ ਆ ਰਿਹਾ ਹੈ।



1) ਰੰਗੋਲੀ 2) ਪੇਂਟਿੰਗ 3) ਗੁਲਦਸਤਾ 4) ਚਿੱਤਰਕਾਰੀ

ਪ੍ਰਸ਼ਨ 9. ਬਿਕਰਮ ਇੱਕ ਸਿਆਣਾ ਬੱਚਾ ਹੈ। ਉਹ ਪਾਣੀ ਦੀ ਸਹੀ ਵਰਤੋਂ ਕਰਨੀ ਜਾਣਦਾ ਹੈ। ਇਸ ਲਈ .......................

1) ਦੰਦ ਸਾਫ਼ ਕਰਨ ਸਮੇਂ ਟੂਟੀ ਚੱਲਦੀ ਰੱਖਦਾ ਹੈ।

2) ਚੱਲਦੀ ਪਾਈਪ ਨਾਲ ਸਾਈਕਲ ਧੋਂਦਾ ਹੈ।

3) ਦੰਦ ਸਾਫ਼ ਕਰਨ ਸਮੇਂ ਮੱਗ ਵਿੱਚ ਪਾਣੀ ਪਾ ਕੇ ਵਰਤਦਾ ਹੈ।

4) ਪਾਣੀ ਪੀਣ ਤੋਂ ਬਾਅਦ ਟੂਟੀ ਬੰਦ ਨਹੀਂ ਕਰਦਾ।

ਪ੍ਰਸ਼ਨ 10. ਜੇਕਰ ਤੁਹਾਡਾ ਛੋਟਾ ਭੈਣ ਜਾਂ ਭਰਾ ਬਰਗਰ ਖਾਣ ਦੀ ਜ਼ਿੱਦ ਕਰਦਾ ਹੈ ਤਾਂ ਤੁਸੀਂ ਕੀ ਕਰੋਗੇ?

1) ਉਸ ਨੂੰ ਲੈ ਕੇ ਦੇਵਾਂਗੇ।

2) ਸਮਝਾ ਕੇ ਮਨ੍ਹਾ ਕਰਾਂਗੇ।

3) ਹੌਸਲਾ ਦੇਵਾਂਗੇ।

4) ਅਸੀਂ ਵੀ ਨਾਲ ਖਾਵਾਂਗੇ।

ਪ੍ਰਸ਼ਨ 11).ਤਸਵੀਰ ਅਨੁਸਾਰ ਕਿਹੜਾ ਕਥਨ ਠੀਕ ਹੈ?



1) ਬੱਚੇ ਦੇ ਭਾਰ ਵਿੱਚ ਵਾਧਾ ਹੋ ਰਿਹਾ ਹੈ।

2) ਬੱਚੇ ਦੇ ਕੱਦ ਵਿੱਚ ਵਾਧਾ ਹੋ ਰਿਹਾ ਹੈ।

3) ਬੱਚੇ ਦੇ ਕੱਦ ਤੇ ਭਾਰ ਵਿੱਚ ਵਾਧਾ ਹੋ ਰਿਹਾ ਹੈ।

4) ਕਈ ਬੱਚੇ ਖੜ੍ਹੇ ਹਨ।

ਪ੍ਰਸ਼ਨ 12. ਤਸਵੀਰ ਸੰਕੇਤ ਕਰਦੀ ਹੈ



1) ਚੁੱਪ ਹੋ ਜਾਓ 2) ਜਿੱਤ ਗਏ 3) ਰੁਕ ਜਾਓ 4) ਪੰਜ ਉਂਗਲਾਂ

ਪ੍ਰਸ਼ਨ 13. ਜਿਸ ਤਰ੍ਹਾਂ

ਕਬੱਡੀ- ਖੁੱਲ੍ਹੇ ਮੈਦਾਨ ਵਿੱਚ

ਕੈਰਮ ਬੋਰਡ - ਕਮਰੇ ਵਿੱਚ

ਹਾਕੀ ਦਾ ਸਬੰਧ ਕਿਸ ਨਾਲ ਹੈ?

1) ਕਮਰਾ 2) ਵੀਡੀਓ ਗੇਮ 3) ਖੁੱਲ੍ਹਾ ਮੈਦਾਨ 4) ਟੀਮ

ਪ੍ਰਸ਼ਨ 14. ਘਰ ਵਿੱਚ ਜੇਕਰ ਭੋਜਨ ਜ਼ਿਆਦਾ ਬਣ ਜਾਵੇ ਤਾਂ ਸਾਨੂੰ ਕੀ ਕਰਨਾ ਚਾਹੀਦਾ ਹੈ?

1) ਕੂੜੇਦਾਨ ਵਿੱਚ ਪਾ ਦੇਣਾ ਚਾਹੀਦਾ ਹੈ।

2) ਲੋੜਵੰਦ ਨੂੰ ਦੇ ਦੇਣਾ ਚਾਹੀਦਾ ਹੈ।

3) ਜਦੋਂ ਤਕ ਖਤਮ ਨਾ ਹੋਵੇ ਖਾਂਦੇ ਰਹਿਣਾ ਚਾਹੀਦਾ ਹੈ।

4) ਕਈ ਦਿਨਾਂ ਤੱਕ ਖਾਂਦੇ ਰਹਿਣਾ ਚਾਹੀਦਾ ਹੈ।

ਪ੍ਰਸ਼ਨ 15. ਇੱਕ ਬਜ਼ੁਰਗ ਵਿਅਕਤੀ ਨੂੰ ਸੜਕ ਪਾਰ ਕਰਨ ਵਿਚ ਸਮੱਸਿਆ ਆ ਰਹੀ ਹੈ। ਅਜਿਹੇ ਵਿਚ ਤੁਸੀਂ ਕੀ ਕਰਨਾ ਚਾਹੋਗੇ?

1) ਉਸ ਵੱਲ ਧਿਆਨ ਨਹੀਂ ਦੇਵਾਂਗੇ।

2) ਸੜਕ ਪਾਰ ਕਰਨ ਵਿੱਚ ਉਸ ਦੀ ਮਦਦ ਕਰਾਂਗੇ।

3) ਸੜਕ ਪਾਰ ਨਾ ਕਰਨ ਦੀ ਸਲਾਹ ਦੇਵਾਂਗੇ।

4) ਕਿਸੇ ਹੋਰ ਨੂੰ ਮਦਦ ਕਰਨ ਲਈ ਕਹਾਂਗੇ।

ਪੰਜਾਬ ਪ੍ਰਾਪਤੀ ਸਰਵੇਖਣ-2020 (ਨਮੂਨਾ ਪ੍ਰਸ਼ਨ-ਪੱਤਰ)

ਵਿਦਿਆਰਥੀ ਦਾ ਨਾਮ:- ................................. ਰੋਲ ਨੰਬਰ:- ...............

ਵਿਸ਼ਾ:- ਪੰਜਾਬੀ ਜਮਾਤ:- ਤੀਜੀ

ਕੁੱਲ ਅੰਕ :- 30 ਪ੍ਰਾਪਤ ਅੰਕ :- ............

| ਪ੍ਰਸ਼ਨ ਨੰ:- | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 |
|---|---|---|---|---|---|---|---|---|---|---|---|---|---|---|---|
| ਪ੍ਰਾਪਤ ਅੰਕ | | | | | | | | | | | | | | | |

ੳ) ਹੇਠ ਲਿਖੀ ਕਹਾਣੀ ਨੂੰ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-

ਇੱਕ ਵਾਰ ਦੀ ਗੱਲ ਹੈ।ਮੋਤੀ ਨਾਮ ਦਾ ਇੱਕ ਗਧਾ ਸੀ।ਉਸ ਦਾ ਕੁਝ ਮਿੱਠਾ ਖਾਣ ਨੂੰ ਜੀਅ ਕਰ ਰਿਹਾ ਸੀ।ਸਭ ਤੋਂ ਪਹਿਲਾਂ ਉਹ ਭਾਲੂ ਕੋਲ਼ ਗਿਆ।ਭਾਲੂ ਨੇ ਕਿਹਾ,"ਮੋਤੀ, ਤੂੰ ਸ਼ਹਿਦ ਖਾ ਲੈ।" ਮੋਤੀ ਨੇ ਨੱਕ ਚੜਾਅ ਕੇ ਕਿਹਾ,ਮੈਂ ਨਹੀਂ ਖਾਣਾ ਸ਼ਹਿਦ,ਇਹ ਤਾਂ ਮੱਖੀਆਂ ਦਾ ਜੂਠਾ ਹੈ।" ਫਿਰ ਖ਼ਰਗੋਸ਼ ਨੇ ਕਿਹਾ,ਮੋਤੀ, ਤੂੰ ਗਾਜਰ ਖਾ ਲੈ।" "ਨਾ, ਇਹ ਤਾਂ ਮਿੱਟੀ ਵਿੱਚ ਦੱਬੀ ਹੁੰਦੀ ਹੈ, ਮੈਂ ਨਹੀਂ ਖਾਣੀ ਗਾਜਰ।" ਇਹ ਕਹਿ ਕੇ ਗਧੇ ਨੇ ਖ਼ਰਗੋਸ਼ ਨੂੰ ਵੀ ਨਾਂਹ ਕਰ ਦਿੱਤੀ।ਇਸ ਪ੍ਰਕਾਰ ਹੋਰ ਵੀ ਬਹੁਤ ਸਾਰੇ ਜਾਨਵਰਾਂ ਨੇ ਮੋਤੀ ਨੂੰ ਕੁਝ ਨਾ ਕੁਝ ਖਾਣ ਦੀ ਸਲਾਹ ਦਿੱਤੀ ਪਰ ਉਸ ਨੂੰ ਕੁਝ ਵੀ ਪਸੰਦ ਨਹੀਂ ਆ ਰਿਹਾ ਸੀ।ਅੰਤ ਵਿੱਚ ਉਸ ਨੂੰ ਇੱਕ ਬਿੱਲੀ ਨੇ ਕਿਹਾ,"ਆਓ,ਹਲਵਾਈ ਦੀ ਦੁਕਾਨ ਤੇ ਚੱਲਦੇ ਹਾਂ।" ਮੋਤੀ ਗਧੇ ਨੂੰ ਇਹ ਗੱਲ ਪਸੰਦ ਆ ਗਈ।ਫਿਰ ਉਹ ਮਿਠਿਆਈ ਦੀ ਦੁਕਾਨ 'ਤੇ ਚਲੇ ਗਏ ਅਤੇ ਰੱਜ ਕੇ ਮਿਠਿਆਈ ਖਾਧੀ।

1) ਪ੍ਰਸ਼ਨ:- ਮਿੱਠਾ ਖਾਣ ਨੂੰ ਕਿਸ ਦਾ ਜੀਅ ਕਰਦਾ ਸੀ?

ੳ) ਬਿੱਲੀ ਦਾ ਅ) ਗਧੇ ਦਾ ੲ) ਭਾਲੂ ਦਾ ਸ) ਖ਼ਰਗੋਸ਼ ਦਾ

2) ਪ੍ਰਸ਼ਨ: ਸ਼ਹਿਦ ਖਾਣ ਲਈ ਕਿਸ ਨੇ ਕਿਹਾ ਸੀ?

ੳ) ਭਾਲੂ ਨੇ ਅ) ਖ਼ਰਗੋਸ਼ ਨੇ ੲ) ਹਾਥੀ ਨੇ ਸ) ਭਾਲੂ ਨੇ

3) ਪ੍ਰਸ਼ਨ: 'ਜੀਅ' ਦਾ ਕੀ ਅਰਥ ਹੈ ?

ੳ) ਮਨ ਅ) ਜੀਵ ੲ) ਭੁੱਖ ਸ) ਘੱਟ

4) ਪ੍ਰਸ਼ਨ: ਕਿਹੜਾ ਵਾਕ ਸਹੀ ਹੈ ?

ੳ) ਭਾਲੂ ਸ਼ਹਿਦ ਖਾਂਦਾ ਹੈ। ਅ)ਭਾਲੂ ਖਾਂਦਾ ਹੈ ਸ਼ਹਿਦ।

ੲ) ਸ਼ਹਿਦ ਖਾਂਦਾ ਭਾਲੂ ਹੈ। ਸ) ਭਾਲੂ ਹੈ ਖਾਂਦਾ ਸ਼ਹਿਦ।

5) ਪ੍ਰਸ਼ਨ: ਕਹਾਣੀ ਤੋਂ ਸਾਨੂੰ ਕੀ ਪਤਾ ਚਲਦਾ ਹੈ।

ੳ) ਭਾਲੂ ਬਹੁਤ ਚਲਾਕ ਹੈ। ਅ) ਗਧੇ ਨੂੰ ਮਠਿਆਈ ਪਸੰਦ ਹੈ।

ੲ) ਸਭ ਤੋਂ ਪਹਿਲਾਂ ਬਿੱਲੀ ਗਧੇ ਨੂੰ ਮਿਲੀ। ਸ) ਹਾਥੀ ਦੁਖੀ ਸੀ।

ਅ) <u>ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕਿ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-</u>

ਰਵੀ ਦੇ ਦਾਦੀ ਜੀ ਕਹਾਣੀਆਂ ਦਾ ਖ਼ਜ਼ਾਨਾ ਹਨ।ਉਹ ਹਰ ਰੋਜ਼ ਬੱਚਿਆਂ ਨੂੰ ਨਵੀਂਆਂ-ਨਵੀਂਆਂ ਕਹਾਣੀਆਂ ਸੁਣਾਉਂਦੇ ਹਨ।ਉਹ ਬੱਚਿਆਂ ਨੂੰ ਚਿੜੀ ,ਕਾਂ, ਤੋਤਾ , ਸ਼ੇਰ, ਹਾਥੀ ਆਦਿ ਜਾਨਵਰਾਂ ਅਤੇ ਰਾਜੇ ਰਾਣੀਆਂ ਦੀਆਂ ਕਹਾਣੀਆਂ ਸੁਣਾਉਂਦੇ ਹਨ।ਉਹ ਇਹਨਾਂ ਕਹਾਣੀਆਂ ਦਾ ਮਤਲਬ ਵੀ ਦੱਸਦੇ ਹਨ।ਉਹਨਾਂ ਦੀ ਹਰ ਕਹਾਣੀ ਸੁਆਦਲੀ ਅਤੇ ਸਿਖਿਆਦਾਇਕ ਹੁੰਦੀ ਹੈ।ਸ਼ਾਮ ਪੈਂਦਿਆਂ ਹੀ ਘਰ ਦੇ ਸਾਰੇ ਬੱਚੇ ਦਾਦੀ ਮਾਂ ਦੇ ਆਲ਼ੇ-ਦੁਆਲ਼ੇ ਇਕੱਠੇ ਹੋ ਜਾਂਦੇ ਹਨ।ਦਾਦੀ ਮਾਂ ਬੱਚਿਆਂ ਨੂੰ ਕਹਾਣੀਆਂ ਦੀ ਮਦਦ ਨਾਲ਼ ਚੰਗੀਆਂ ਆਦਤਾਂ ਸਿਖਾਉਣਾ ਚਾਹੰਦੇ ਹਨ।ਉਹ ਬੱਚਿਆਂ ਨੂੰ ਜਲਦੀ ਉੱਠਣ ਬਾਰੇ ਕਹਿੰਦੇ ਹਨ।ਹਰ-ਰੋਜ਼ ਨਹਾਉਣਾ, ਬੁਰਸ਼ ਕਰਨਾ, ਸਕੂਲ ਜਾਣਾ ਆਦਿ ਚੰਗੀਆਂ ਆਦਤਾਂ ਬਾਰੇ ਦੱਸਦੇ ਹਨ।ਬੱਚੇ ਵੀ ਉਹਨਾਂ ਦੀ ਹਰ ਗੱਲ ਖਿੜੇ-ਮੱਥੇ ਮੰਨਦੇ ਹਨ।

6) ਪ੍ਰਸ਼ਨ: ਬੱਚਿਆਂ ਨੂੰ ਕਹਾਣੀਆਂ ਕੌਣ ਸੁਣਾਉਂਦਾ ਹੈ?

ੳ) ਮਾਂ ਜੀ   ਅ) ਦਾਦੀ ਮਾਂ   ੲ) ਪਿਤਾ ਜੀ   ਸ) ਦਾਦਾ ਜੀ

7) ਪ੍ਰਸ਼ਨ: ਦਾਦੀ ਮਾਂ ਦੀਆਂ ਕਹਾਣੀਆਂ.............ਹਨ?

ੳ) ਲੰਬੀਆਂ   ਅ) ਛੋਟੀਆਂ   ੲ) ਸਿੱਖਿਆਦਾਇਕ   ਸ) ਨਵੀਆਂ

8) ਪ੍ਰਸ਼ਨ: 'ਸੁਆਦਲੀ' ਸ਼ਬਦ ਤੋਂ ਕੀ ਭਾਵ ਹੈ ?

ੳ) ਮਜ਼ੇਦਾਰ   ਅ) ਬੁਰੀ   ੲ) ਨਿਕੰਮੀ   ਸ) ਸਿਆਣੀ

9) ਪ੍ਰਸ਼ਨ: 'ਖਿੜੇ ਮੱਥੇ' ਦਾ ਕੀ ਭਾਵ ਹੈ?

ੳ) ਚਮਕਦਾ ਹੋਇਆ ਮੱਥਾ   ਅ) ਖੁਸ਼ੀ-ਖੁਸ਼ੀ।   ੲ) ਬਹੁਤ ਔਖਾ।   ਸ) ਮਰਜੀ ਨਾਲ਼।

10) ਪ੍ਰਸ਼ਨ - ਪੈਰੇ ਤੋਂ ਸਾਨੂੰ ਕੀ ਜਾਣਕਾਰੀ ਮਿਲਦੀ ਹੈ?

ੳ) ਦਾਦੀ ਮਾਂ ਸਵੇਰੇ ਕਹਾਣੀ ਸੁਣਾਉਂਦੇ ਹਨ।

ਅ) ਬੱਚਿਆਂ ਨੂੰ ਕਹਾਣੀਆਂ ਪਸੰਦ ਨਹੀਂ।

ੲ) ਰਾਜੇ-ਰਾਣੀਆਂ ਦੀਆਂ ਕਹਾਣੀਆਂ ਨਹੀਂ ਹੁੰਦੀਆਂ।

ਸ) ਦਾਦੀ ਮਾਂ ਬੱਚਿਆਂ ਨੂੰ ਸਿੱਖਿਅਦਾਇਕ ਕਹਾਣੀਆਂ ਸੁਣਾਉਂਦੇ ਹਨ।

(ੲ) ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-

11) ਪ੍ਰਸ਼ਨ: ਕਿਹੜਾ ਮਹੀਨਾ ਸਰਦੀ ਦੀ ਰੁੱਤ ਵਿੱਚ ਆਉਂਦਾ ਹੈ?

ੳ) ਅਪ੍ਰੈਲ। ਅ) ਜੂਨ। ੲ) ਅਗਸਤ। ਸ) ਦਸੰਬਰ।

12) ਪ੍ਰਸ਼ਨ: 'ਵੱਡਾ ਕੌਣ' ਕਹਾਣੀ ਵਿੱਚ 'ਵੱਡਾ' ਕੌਣ ਸੀ।

ੳ) ਅੰਗੂਠਾ ਅ) ਵਿਚਕਾਰਲੀ ਉਂਗਲ਼ ੲ) ਪੰਚਾਇਤ ਸ) ਕੋਈ ਨਹੀਂ

13) ਪ੍ਰਸ਼ਨ: ਸ਼ੁੱਧ ਸ਼ਬਦ ਕਿਹੜਾ ਹੈ?

ੳ) ਆਜਾਦ ਅ) ਆਜ਼ਾਧ ੲ) ਅਜਾਦ ਸ) ਅਜ਼ਾਦ

14) ਪ੍ਰਸ਼ਨ: 'ਏਕਤਾ ਵਿੱਚ ਸ਼ਕਤੀ ਹੈ' ਇਹ ਸਿੱਖਿਆ ਕਿਸ ਪਾਠ ਤੋਂ ਮਿਲਦੀ ਹੈ?

ੳ) ਵੱਡਾ ਕੌਣ ਅ) ਸਾਈਕਲ ਦੇ ਝੂਟੇ

ੲ) ਉਪਰੋਕਤ ਦੋਵਾਂ ਤੋਂ ਸ) ਕਿਸੇ ਤੋਂ ਨਹੀਂ

15) ਪ੍ਰਸ਼ਨ: ਜਿਸ ਤਰਾਂ 'ਚੈਨ' ਤੋਂ 'ਬੇਚੈਨ' ਉਸੇ ਤਰਾਂ 'ਆਰਾਮ' ਤੋਂ ਕੀ ਹੋਵੇਗਾ-

ੳ) ਬੇਅਰਾਮ ਅ) ਵਾਆਰਾਮ ੲ) ਆਰਾਮਦਾਇਕ ਸ) ਆਰਾਮ ਨਾਲ

## PUNJAB ACHIEVEMENT SURVEY-2020 (Sample Paper)

**Student's Name ……………………….…** Roll No. ………………

**Subject :-English** Class :-3rd

**Total Marks ……………………………..** Marks obtd…………

| Question no. | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | Total Marks |
|---|---|---|---|---|---|---|---|---|---|---|---|---|---|---|---|---|
| Marks obtd | | | | | | | | | | | | | | | | |

**Read the passage and answer the following questions:**

**In a forest, there lived three friends, a rabbit, a bear and a parrot. The bear lived in a den. The parrot lived in a big shady tree near the den and the rabbit lived in a hole under that tree. They all helped each other. An old owl lived behind the den. He was not happy for the three friends.**

**Q1. Where did the bear live?**

1. in a hole. 2. in a tree
3. under the tree 4. in a den

**Q2. Who lived in the hole?**

1. parrot 2. owl 3. bear. 4. rabbit

**Q3. Who were three friends?**

1. parrot, bear and owl
2. bear, owl and rabbit
3. rabbit, bear and parrot
4. owl, bear and rabbit

**Q4. Which of the following is not a noun?**

**1. forest 2. den 3. hole 4. shady**

**Q5. Choose the opposite of 'near'.**

**1. under 2. with 3. far 4. after**

**<u>Look at the picture and answer the following questions</u>**




**Q6. The above poster is about a ……………..**

**1. toy 2. fair 3. sale 4. shop**

**Q7. On which day will the sale start?**

**1. Sunday 2. Friday 3. Saturday 4. Monday**

**Q8. Which item is not available for sale?**

**1. shoes 2. bags 3. books 4. toys**

**Q9. How many items are there for sale?**

**1. one 2. two 3. three 4. four**

**Q10. On which day will the sale end?**

**1. Friday 2. Saturday 3. Sunday 4. not given**

**Answer the following questions**

**Q 11. Choose the correct spelling**

1. hospetal  2. hospital  3. hospitel  4. hospital

**Q12. Which of the following number is hidden in the grid?**

| | | | | |
|---|---|---|---|---|
| s | e | v | n | t |
| e | l | a | t | h |
| t | h | r | a | r |
| e | i | g | y | e |
| t | h | e | r | e |

1. seven  2. three  3. eight  4. eleven

**Q13. Choose the incorrect statement**

1. Rohan is jumping.  2. He is reading.
3. She is running.  4. We is eating.

**Q 14. Choose the incorrect option**



1. It is a fruit shop.



2. They are talking.



3.He is flying a kite.



4. He is painting the wall..

**Q15. Which of the following will come first while arranging the words alphabetically?**

Shark  friend  watch  doctor

1. friend  2. watch  3. doctor  4. shark